# 2020 ਦੇ ਨਾਗਰਿਕ ਮੁੜ-ਵਿਭਾਜਨ ਕਮਿਸ਼ਨ ਸੰਬੰਧੀ ਅਕਸਰ ਪੁੱਛੇ ਜਾਣ ਵਾਲੇ ਸਵਾਲ

**1. ਮੈਨੂੰ ਮੁੜ-ਵਿਭਾਜਨ ਵੱਲ ਧਿਆਨ ਕਿਉਂ ਦੇਣਾ ਚਾਹੀਦਾ ਹੈ?**

ਕੈਲੀਫ਼ੋਰਨੀਆ ਦੇ ਲੋਕਾਂ ਕੋਲ ਜੋ ਇੱਕ ਬਿਹਤਰੀਨ ਅਧਿਕਾਰ ਹੈ, ਉਹ ਹੈ ਆਪਣੀਆਂ ਸਰਕਾਰਾਂ ਦਾ ਕੰਮ-ਕਾਜ ਸੰਭਾਲਣ ਲਈ ਆਪਣੇ ਨੁਮਾਇੰਦੀਆਂ ਨੂੰ ਖੁਦ ਚੁਣਨਾ। ਡਿਸਟ੍ਰਿਕਟ ਦੀਆਂ ਸੀਮਾਵਾਂ ਦੇ ਸੰਰੂਪਣ ਕਰਨ ਦਾ ਤਰੀਕਾ ਇਸ ਗੱਲ ਨੂੰ ਤੈਅ ਕਰਦਾ ਹੈ ਕਿ ਵੋਟਰਾਂ ਦੀ ਰਾਏ ਦੇ ਪ੍ਰਭਾਵ ਨੂੰ ਵਧਾਉਣਾ ਅਤੇ ਉਹਨਾਂ ਨੂੰ ਸਸ਼ਕਤ ਬਣਾਉਣਾ ਹੈ ਜਾਂ ਉਹਨਾਂ ਦੇ ਪ੍ਰਭਾਵ ਨੂੰ ਘਟਾਉਣਾ ਜਾਂ ਦਬਾਉਣਾ ਹੈ। ਸੁਤੰਤਰ ਕੈਲੀਫ਼ੋਰਨੀਆ ਨਾਗਰਿਕ ਮੁੜ-ਵਿਭਾਜਨ ਕਮਿਸ਼ਨ ("ਕਮਿਸ਼ਨ") ਡਿਸਟ੍ਰਿਕਟਾਂ ਦੀਆਂ ਸੀਮਾਵਾਂ ਨੂੰ ਵਧੀਆ ਢੰਗ ਨਾਲ ਉਲੀਕਣ ਲਈ ਵਚਨਬੱਧ ਹੈ ਜੋ ਲੋਕਾਂ ਦੇ ਹਿੱਤ ਵਿੱਚ ਹੋਣ, ਨਾ ਕਿ ਪਦਧਾਰੀ ਸਿਆਸਤਦਾਨਾਂ ਦੇ।

ਆਪਣੇ ਭਾਈਚਾਰੇ ਦੇ ਹਿੱਤਾਂ ਵਿੱਚ ਬੋਲਣਾ ਬਹੁਤ ਮਹੱਤਵਪੂਰਨ ਹੈ ਤਾਂਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਡਿਸਟ੍ਰਿਕਟ ਦੀਆਂ ਸੀਮਾਵਾਂ ਇਸ ਤਰੀਕੇ ਨਾਲ ਉਲੀਕੀਆਂ ਜਾਣ ਕਿ ਸਾਰਾ ਭਾਈਚਾਰਾ ਜਿੱਥੋਂ ਤੱਕ ਸੰਭਵ ਹੋ ਸਕੇ ਇੱਕ ਨਾਲ ਰਹਿ ਸਕੇ, ਅਤੇ ਅਜਿਹੇ ਨਜ਼ਦੀਕੀ ਭਾਈਚਾਰਿਆਂ ਨਾਲ ਸਮੂਹਬੱਧ ਕੀਤਾ ਜਾਵੇ ਜਿਨ੍ਹਾਂ ਦੇ ਹਿੱਤ ਅਤੇ ਦਿਲਚਸਪੀਆਂ ਮਿਲਦੀਆਂ ਜੁਲਦੀਆਂ ਹੋਣ। ਇਸ ਨਾਲ ਇਹ ਸੁਨਿਸ਼ਚਿਤ ਹੁੰਦਾ ਹੈ ਕਿ ਤੁਹਾਡੇ ਚੁਣੇ ਹੋਏ ਲੀਡਰ ਤੁਹਾਡੇ ਬੱਚੇ ਦੀ ਪੜ੍ਹਾਈ ਦੀ ਕੁਆਲਿਟੀ ਅਤੇ ਫੰਡਿੰਗ ਜਾਂ ਤੁਹਾਡੇ ਟੈਕਸ ਰੇਟਾਂ ਨੂੰ ਨਿਰਧਾਰਿਤ ਕਰਨ ਵਰਗੇ ਫ਼ੈਸਲੇ ਲੈਣ ਲੱਗਿਆਂ ਤੁਹਾਡੀ ਰਾਏ ਸੁਣਨ।

ਨਵੀਆਂ ਰਾਜਨੀਤਿਕ ਸੀਮਾਵਾਂ ਨੂੰ ਆਕਾਰ ਦੇਣ ਵਿੱਚ ਤੁਹਾਡੀ ਰਾਇ ਬਹੁਤ ਕੀਮਤੀ ਹੈ।

**2. ਮੈਂ ਇਸ ਵਿੱਚ ਕਿਵੇਂ ਸ਼ਾਮਲ ਹੋ ਸਕਦਾ/ਸਕਦੀ ਹਾਂ?**

ਕਮਿਸ਼ਨ ਨੂੰ ਆਪਣੀ ਰਾਇ ਪ੍ਰਦਾਨ ਕਰਨ ਦੇ ਕਈ ਸਾਰੇ ਤਰੀਕੇ ਹਨ।

<u>ਇੱਕ ਜਨਤਕ ਮੀਟਿੰਗ ਦੌਰਾਨ:</u>

ਕਮਿਸ਼ਨ ਵੱਲੋਂ ਸੁਣਵਾਈਆਂ ਦਾ ਆਯੋਜਨ ਕੀਤਾ ਜਾਵੇਗਾ, ਜਿੱਥੇ ਤੁਸੀਂ ਮੀਟਿੰਗ ਦੌਰਾਨ ਫ਼ੋਨ ਰਾਹੀਂ ਜਾਂ ਮੀਟਿੰਗ ਤੋਂ ਪਹਿਲਾਂ ਇਲੈਕਟ੍ਰਾਨਿਕ ਤੌਰ 'ਤੇ ਆਪਣੀ ਰਾਇ ਦੇ ਸਕਦੇ ਹੋ। ਤੁਸੀਂ ਆਗਾਮੀ ਜਨਤਕ ਰਾਇ ਮੀਟਿੰਗਾਂ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਸਾਡੀ ਵੈੱਬਸਾਈਟ ਦੇ *ਮੀਟਿੰਗਾਂ* ਸੈਕਸ਼ਨ ਵਿੱਚ ਜਾ ਸਕਦੇ ਹੋ।

<u>ਇਲੈਕਟ੍ਰਾਨਿਕ ਤੌਰ 'ਤੇ:</u>

ਤੁਸੀਂ ਹੇਠਾਂ ਦਿੱਤੇ ਈਮੇਲ ਪਤੇ 'ਤੇ ਈਮੇਲ ਕਰਕੇ ਸਾਡੀ ਵੈੱਬਸਾਈਟ ਰਾਹੀਂ ਵੀ ਕਮਿਸ਼ਨ ਨੂੰ ਆਪਣੀ ਰਾਇ ਦੇ ਸਕਦੇ ਹੋ: VotersFirstAct@crc.ca.gov ਜਾਂ "ਮੇਰੇ ਭਾਈਚਾਰੇ ਨੂੰ ਉਲੀਕੋ" ਟੂਲ ਰਾਹੀਂ ਆਪਣਾ ਨਕਸ਼ਾ ਬਣਾ ਕੇ ਅਤੇ ਹੇਠਾਂ ਵੈੱਬਸਾਈਟ 'ਤੇ ਜਾ ਕੇ ਕਮਿਸ਼ਨ ਨੂੰ ਸਪੁਰਦ ਵੀ ਕਰ ਸਕਦੇ ਹੋ: DrawMyCACommunity.org.

<u>ਫ਼ੋਨ ਰਾਹੀਂ:</u>

(916) 323-0323

ਲਿਖਤ ਵਿੱਚ:

ਤੁਸੀਂ ਆਪਣੀ ਰਾਇ ਹੇਠਾਂ ਦਿੱਤੇ ਪਤੇ ‘ਤੇ ਡਾਕ ਰਾਹੀਂ ਭੇਜ ਸਕਦੇ ਹੋ:

California Citizens Redistricting Commission
721 Capitol Mall, Suite 260
Sacramento, CA 95814

ਕਿਸੇ ਭਾਈਚਾਰਾ-ਆਧਾਰਿਤ ਸੰਸਥਾ (ਸੀ.ਬੀ.ਓ.) ਰਾਹੀਂ:

ਅਜਿਹੇ ਬਹੁਤ ਸਾਰੇ ਸੀ.ਬੀ.ਓ. ਹਨ ਜੋ ਭਾਈਚਾਰਿਆਂ ਨਾਲ ਕੰਮ ਕਰ ਰਹੇ ਹਨ ਅਤੇ ਕਮਿਸ਼ਨ ਨੂੰ ਸਹਿਯੋਗੀ ਢੰਗ ਨਾਲ ਰਾਇ ਪੇਸ਼ ਕਰ ਰਹੇ ਹਨ।

**3. ਮੈਂ ਆਪਣੇ ਭਾਈਚਾਰੇ ਨੂੰ ਕਿਵੇਂ ਪਰਿਭਾਸ਼ਿਤ ਕਰਾਂ?**

ਕਮਿਸ਼ਨ ਤੁਹਾਡੇ ਤੋਂ ਤੁਹਾਡੇ ਭਾਈਚਾਰੇ ਬਾਰੇ ਚਾਰ ਪ੍ਰਮੁੱਖ ਚੀਜ਼ਾਂ ਜਾਣਨਾ ਚਾਹੁੰਦਾ ਹੈ:

- ਆਰਥਿਕ, ਸਮਾਜਿਕ, ਅਤੇ/ਜਾਂ ਸੱਭਿਆਚਾਰਕ ਦਿਲਚਸਪੀਆਂ ਜੋ ਤੁਹਾਡੇ ਭਾਈਚਾਰੇ ਨੂੰ ਇਕੱਠੇ ਬੰਨ ਕੇ ਰੱਖਦੀਆਂ ਹਨ।
- ਤੁਹਾਡੇ ਭਾਈਚਾਰੇ ਨੂੰ ਇੱਕ ਸਹੀ ਅਤੇ ਪ੍ਰਭਾਵਸ਼ਾਲੀ ਪ੍ਰਤੀਨਿਧਤਾ ਲਈ ਇਕੱਠੇ ਕਿਉਂ ਰੱਖਿਆ ਜਾਣਾ ਚਾਹੀਦਾ ਹੈ।
- ਤੁਹਾਡਾ ਭਾਈਚਾਰਾ ਕਿੱਥੇ ਸਥਿਤ ਹੈ।
- ਉਹ ਕਿਹੜੇ ਨਜ਼ਦੀਕੀ ਖੇਤਰ ਹਨ ਜਿਨ੍ਹਾਂ ਨੂੰ ਤੁਹਾਡਾ ਭਾਈਚਾਰਾ ਆਪਣੇ ਨਾਲ ਗਰੁੱਪਬੱਧ ਕਰਨਾ ਚਾਹੁੰਦਾ ਹੈ ਜਾਂ ਗਰੁੱਪਬੱਧ ਨਹੀਂ ਕਰਨਾ ਚਾਹੁੰਦਾ?

ਨਕਸ਼ਾ ਬਣਾਉਣ ਲਈ “ਮੇਰੇ ਭਾਈਚਾਰੇ ਨੂੰ ਉਲੀਕੋ” ਟੂਲ ਦੀ ਵਰਤੋਂ ਕਰੋ ਅਤੇ ਹੇਠਾਂ ਦਿੱਤੀ ਵੈੱਬਸਾਈਟ ‘ਤੇ ਜਾ ਕੇ ਆਪਣੇ ਭਾਈਚਾਰੇ ਨੂੰ ਪਰਿਭਾਸ਼ਿਤ ਕਰੋ: DrawMyCACommunity.org.

**4. ‘ਦਿਲਚਸਪੀ ਵਾਲਾ ਭਾਈਚਾਰਾ’ ਕੀ ਹੁੰਦਾ ਹੈ?**

ਕੈਲੀਫ਼ੋਰਨੀਆ ਦਾ ਸੰਵਿਧਾਨ ‘ਦਿਲਚਸਪੀ ਵਾਲੇ ਭਾਈਚਾਰੇ’ ਨੂੰ ਅਜਿਹੀ ਜਨ-ਸੰਖਿਆ ਵਜੋਂ ਪਰਿਭਾਸ਼ਿਤ ਕਰਦਾ ਹੈ ਜਿਨ੍ਹਾਂ ਦੀਆਂ ਸਮਾਜਿਕ ਅਤੇ ਆਰਥਿਕ ਦਿਲਚਸਪੀਆਂ ਸਾਂਝੀਆਂ ਹੁੰਦੀਆਂ ਹਨ ਅਤੇ ਜਿਨ੍ਹਾਂ ਨੂੰ ਇਹਨਾਂ ਦੀ ਸਹੀ ਅਤੇ ਪ੍ਰਭਾਵਸ਼ਾਲੀ ਪ੍ਰਤੀਨਿਧਤਾ ਦੇ ਉਦੇਸ਼ਾਂ ਲਈ ਇੱਕ ਡਿਸਟ੍ਰਿਕਟ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਅਜਿਹੀਆਂ ਸਾਂਝੀਆਂ ਦਿਲਚਸਪੀਆਂ ਦੀਆਂ ਉਦਾਹਰਨਾਂ ਉਹ ਹਨ ਜਿਹੜੀਆਂ ਕਿਸੇ ਸ਼ਹਿਰੀ ਖੇਤਰ, ਪੇਂਡੂ ਖੇਤਰ, ਉਦਯੋਗਿਕ ਖੇਤਰ, ਜਾਂ ਖੇਤੀਬਾੜੀ ਵਾਲੇ ਖੇਤਰ ਲਈ ਸਾਂਝੀਆਂ ਹੋਣ, ਅਤੇ ਉਹਨਾਂ ਖੇਤਰਾਂ ਲਈ ਸਾਂਝੀਆਂ ਹੋਣ ਜਿਨ੍ਹਾਂ ਦੀ ਜ਼ਿੰਦਗੀ ਦਾ ਮਿਆਰ ਸਮਾਨ ਹੈ, ਜੋ ਇੱਕੋ ਜਿਹੀਆਂ ਆਵਾਜਾਈ ਦੀਆਂ ਸਹੂਲਤਾਂ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਕੋਲ ਕੰਮ ਦੇ ਸਮਾਨ ਮੌਕੇ ਹਨ, ਜਾਂ ਜਿਨ੍ਹਾਂ ਕੋਲ ਚੋਣ ਪ੍ਰਕਿਰਿਆ ਦੇ ਸੰਬੰਧ ਵਿੱਚ ਸੰਚਾਰ ਦੇ ਢੁਕਵੇਂ ਸਮਾਨ ਮੀਡਿਆ ਤੱਕ ਪਹੁੰਚ ਹੈ। ਸੱਭਿਆਚਾਰਕ ਭਾਈਚਾਰੇ ਵੀ ‘ਦਿਲਚਸਪੀ ਵਾਲੇ ਭਾਈਚਾਰੇ’ ਹੋ ਸਕਦੇ ਹਨ। ‘ਦਿਲਚਸਪੀ ਵਾਲੇ ਭਾਈਚਾਰਿਆਂ ਵਿੱਚ ਰਾਜਨੀਤਿਕ ਪਾਰਟੀਆਂ, ਅਹੁਦੇਦਾਰਾਂ, ਜਾਂ ਰਾਜਨੀਤਿਕ ਉਮੀਦਵਾਰਾਂ ਨਾਲ ਸੰਬੰਧ ਸ਼ਾਮਲ ਨਹੀਂ ਹਨ।

**5. ਸਾਨੂੰ ਕਮਿਸ਼ਨ ਦੀ ਕੀ ਲੋੜ ਹੈ?**

ਹਰ 10 ਸਾਲ ਵਿੱਚ ਇੱਕ ਵਾਰ, ਸੰਘੀ ਸਰਕਾਰ ਵੱਲੋਂ ਅੱਪਡੇਟ ਕੀਤੀ ਜਨ-ਗਣਨਾ ਜਾਣਕਾਰੀ ਨੂੰ ਪ੍ਰਕਾਸ਼ਿਤ ਕਰਨ ਤੋਂ ਬਾਅਦ, ਕੈਲੀਫ਼ੋਰਨੀਆ ਲਈ ਆਪਣੇ ਕਾਂਗਰੈਸ਼ਨਲ, ਰਾਜ ਦੀ ਸੈਨੇਟ, ਰਾਜ ਦੀ ਵਿਧਾਨ ਸਭਾ, ਅਤੇ ਇਕਵਾਲਾਈਜ਼ੇਸ਼ਨ

ਡਿਸਟ੍ਰਿਕਟਾਂ ਦੇ ਰਾਜ ਬੋਰਡ ਦੀਆਂ ਸੀਮਾਵਾਂ ਨੂੰ ਮੁੜ ਤੋਂ ਉਲੀਕਣਾ ਲਾਜ਼ਮੀ ਹੈ, ਤਾਂਕਿ ਰਾਜ ਦੀ ਜਨ-ਸੰਖਿਆ ਨੂੰ ਸਟੀਕ ਤੌਰ 'ਤੇ ਦਰਸਾਇਆ ਜਾ ਸਕੇ।

**6. ਕਮਿਸ਼ਨ ਕੀ ਹੁੰਦਾ ਹੈ?**

ਕਮਿਸ਼ਨ, ਕੈਲੀਫ਼ੋਰਨੀਆ ਦੇ ਨਾਗਰਿਕਾਂ ਦਾ ਇੱਕ ਸਮੂਹ ਹੁੰਦਾ ਹੈ, ਜਿਨ੍ਹਾਂ ਨੂੰ ਹਰ ਦੱਸ ਸਾਲਾਂ ਵਿੱਚ ਇੱਕ ਵਾਰ ਜਨਤਕ ਅਰਜ਼ੀ ਅਤੇ ਸਮੀਖਿਆ ਪ੍ਰਕਿਰਿਆ ਰਾਹੀਂ ਚੁਣਿਆ ਜਾਂਦਾ ਹੈ ਅਤੇ ਜਿਨ੍ਹਾਂ ਨੂੰ ਕਾਂਗਰਸ, ਰਾਜ ਦੀ ਸੈਨੇਟ, ਰਾਜ ਦੀ ਵਿਧਾਨ ਸਭਾ, ਅਤੇ ਇਕਵਾਲਾਈਜ਼ੇਸ਼ਨ ਡਿਸਟ੍ਰਿਕਟਾਂ ਦੇ ਰਾਜ ਬੋਰਡ ਲਈ ਡਿਸਟ੍ਰਿਕਟ ਦੀਆਂ ਸੀਮਾਵਾਂ ਨੂੰ ਉਲੀਕਣ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। 2010 ਤੋਂ ਪਹਿਲਾਂ, ਕੈਲੀਫ਼ੋਰਨੀਆ ਦੇ ਵਿਧਾਇਕ ਆਪਣੀਆਂ ਖੁਦ ਦੀਆਂ ਡਿਸਟ੍ਰਿਕਟ ਸੀਮਾਵਾਂ ਉਲੀਕਦੇ ਸਨ।

2010 ਤੋਂ ਪਹਿਲਾਂ, ਕੈਲੀਫ਼ੋਰਨੀਆ ਦੇ ਵਿਧਾਇਕ ਸੀਮਾਵਾਂ ਉਲੀਕਦੇ ਸਨ। 2008 ਵਿੱਚ, ਕੈਲੀਫ਼ੋਰਨੀਆ ਦੇ ਵੋਟਰਾਂ ਨੇ ਵੋਟਰਜ਼ ਫਸਟ ਐਕਟ ਪਾਸ ਕਰ ਕੇ ਇੱਕ ਸੁਤੰਤਰ ਕਮਿਸ਼ਨ ਦੇ ਗਠਨ ਨੂੰ ਅਧਿਕਾਰਿਤ ਕੀਤਾ। ਇਸਨੇ ਕਮਿਸ਼ਨ ਨੂੰ ਰਾਜ ਦੀ ਸੈਨੇਟ, ਰਾਜ ਦੀ ਵਿਧਾਨ ਸਭਾ, ਅਤੇ ਇਕਵਾਲਾਈਜ਼ੇਸ਼ਨ ਡਿਸਟ੍ਰਿਕਟਾਂ ਦੇ ਰਾਜ ਬੋਰਡ ਦੀਆਂ ਨਵੀਆਂ ਡਿਸਟ੍ਰਿਕਟ ਸੀਮਾਵਾਂ ਨੂੰ ਉਲੀਕਣ ਲਈ ਅਧਿਕਾਰਿਤ ਕੀਤਾ। 2010 ਵਿੱਚ, ਵੋਟਰਜ਼ ਫਸਟ ਐਕਟ ਫਾਰ ਕਾਂਗਰਸ ਨੇ ਕਾਂਗਰੈਸ਼ਨਲ ਡਿਸਟ੍ਰਿਕਟਾਂ ਨੂੰ ਉਲੀਕਣ ਦੀ ਜ਼ਿੰਮੇਵਾਰੀ ਵੀ ਕਮਿਸ਼ਨ ਨੂੰ ਦੇ ਦਿੱਤੀ।

ਮੁੜ-ਵਿਭਾਜਨ ਅਧਿਕਾਰ ਨੂੰ ਚੁਣੇ ਹੋਏ ਅਧਿਕਾਰੀਆਂ ਤੋਂ ਵਾਪਸ ਲੈਣ ਦਾ ਉਦੇਸ਼ ਹੈ ਇੱਕ ਸਹੀ ਅਤੇ ਪਾਰਦਰਸ਼ੀ ਪ੍ਰਕਿਰਿਆ ਨੂੰ ਸੁਨਿਸ਼ਚਿਤ ਕਰਨਾ ਜੋ ਇਸ ਪ੍ਰਕਿਰਿਆ ਵਿੱਚੋਂ ਰਾਜਨੀਤਿਕ ਦਖਲਅੰਦਾਜ਼ੀ ਨੂੰ ਖਤਮ ਕਰ ਸਕੇ। ਚੋਣ ਤੋਂ ਪਹਿਲਾਂ ਦੀ ਹੇਰਾਫੇਰੀ ਇੱਕ ਕਾਰਜ-ਪ੍ਰਣਾਲੀ ਹੈ ਜਿਸਦਾ ਉਦੇਸ਼ ਡਿਸਟ੍ਰਿਕਟ ਦੀਆਂ ਸੀਮਾਵਾਂ ਨਾਲ ਛੇੜ-ਛਾੜ ਕਰਕੇ ਕਿਸੇ ਰਾਜਨੀਤਿਕ ਪਾਰਟੀ ਜਾਂ ਸਮੂਹ ਲਈ ਅਨਉਚਿਤ ਰਾਜਨੀਤਿਕ ਲਾਭ ਸਥਾਪਤ ਕਰਨਾ ਹੁੰਦਾ ਹੈ। ਚੋਣ ਤੋਂ ਪਹਿਲਾਂ ਦੀ ਹੇਰਾਫੇਰੀ ਵਿੱਚ ਵਰਤੀਆਂ ਜਾਂਦੀਆਂ ਦੋ ਪ੍ਰਮੁੱਖ ਰਣਨੀਤੀਆਂ ਹਨ "ਕ੍ਰੈਕਿੰਗ" (ਜਿਸਦਾ ਮਤਲਬ ਹੈ, ਕਈ ਸਾਰੇ ਡਿਸਟ੍ਰਿਕਟਾਂ ਵਿੱਚ ਵਿਰੋਧੀ ਪਾਰਟੀ ਦੇ ਸਮਰਥਕਾਂ ਦੀ ਵੋਟਿੰਗ ਸ਼ਕਤੀ ਨੂੰ ਘੱਟ ਕਰਨਾ ਜਾਂ ਘੱਟ ਕਰ ਕੇ ਦਿਖਾਉਣਾ) ਅਤੇ "ਪੈਕਿੰਗ" (ਵਿਰੋਧੀ ਪਾਰਟੀ ਦੀ ਵੋਟਿੰਗ ਸ਼ਕਤੀ ਨੂੰ ਕਿਸੇ ਇੱਕ ਡਿਸਟ੍ਰਿਕਟ ਵਿੱਚ ਫ਼ੋਕਸ ਕਰਨਾ ਤਾਂਕਿ ਦੂਜੇ ਡਿਸਟ੍ਰਿਕਟ ਵਿੱਚ ਉਹਨਾਂ ਦੀ ਵੋਟਿੰਗ ਸ਼ਕਤੀ ਨੂੰ ਘਟਾਇਆ ਜਾ ਸਕੇ)।

**7. ਇਸ ਕਮਿਸ਼ਨ ਵਿੱਚ ਕੌਣ ਸੇਵਾ ਨਿਭਾ ਸਕਦੇ ਹਨ?**

ਕਮਿਸ਼ਨ ਵਿੱਚ 14 ਮੈਂਬਰ ਹੁੰਦੇ ਹਨ: ਪੰਜ ਮੈਂਬਰ ਜੋ ਡੈਮੋਕਰੈਟ ਹੁੰਦੇ ਹਨ, ਪੰਜ ਮੈਂਬਰ ਜੋ ਰਿਪਬਲਿਕਨ ਹੁੰਦੇ ਹਨ, ਅਤੇ ਚਾਰ ਅਜਿਹੇ ਮੈਂਬਰ ਜੋ ਇਹਨਾਂ ਦੋਵਾਂ ਪਾਰਟੀਆਂ ਦੇ ਨਹੀਂ ਹੁੰਦੇ।

ਰਜਿਸਟਰਡ ਵੋਟਰ ਇਸ ਕਮਿਸ਼ਨ ਵਿੱਚ ਸੇਵਾ ਨਿਭਾਉਣ ਦੇ ਯੋਗ ਹਨ, ਜੇਕਰ ਉਹ ਕਮਿਸ਼ਨ ਵਿੱਚ ਨਿਯੁਕਤ ਹੋਣ ਤੋਂ ਤੁਰੰਤ ਪਹਿਲਾਂ ਵਾਲੇ ਪੰਜ ਸਾਲਾਂ ਲਈ ਕੈਲੀਫ਼ੋਰਨੀਆ ਵਿੱਚ ਇੱਕੋ ਹੀ ਰਾਜਨੀਤਿਕ ਪਾਰਟੀ ਨਾਲ ਨਿਰੰਤਰ ਰੂਪ ਵਿੱਚ ਰਜਿਸਟਰਡ ਰਹੇ ਹਨ ਜਾਂ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਰਜਿਸਟਰਡ ਨਹੀਂ ਰਹੇ ਹਨ; ਅਤੇ ਜੇ ਉਹਨਾਂ ਨੇ ਪਿਛਲੀਆਂ ਤਿੰਨ ਪੂਰੇ ਰਾਜ ਵਿੱਚ ਹੋਣ ਵਾਲੀਆਂ ਚੋਣਾਂ ਵਿੱਚੋਂ ਘੱਟੋ ਘੱਟ ਦੋ ਵਿੱਚ ਵੋਟ ਕੀਤਾ ਹੈ।

ਅਰਜ਼ੀ ਦੀ ਤਾਰੀਖ਼ ਤੋਂ ਪਹਿਲਾਂ ਵਾਲੇ 10 ਸਾਲਾਂ ਦੇ ਅੰਦਰ, ਵੋਟਰ ਵੱਲੋਂ ਕਮਿਸ਼ਨ ਵਿੱਚ ਸੇਵਾ ਨਹੀਂ ਨਿਭਾਈ ਹੋਣੀ ਚਾਹੀਦੀ ਜੇਕਰ ਵੋਟਰ ਜਾਂ ਉਸਦੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਕੈਲੀਫ਼ੋਰਨੀਆ ਦੇ ਕਾਂਗਰੈਸ਼ਨਲ ਜਾਂ ਰਾਜ ਦਫ਼ਤਰ ਲਈ ਨਿਯੁਕਤ ਕੀਤਾ ਗਿਆ ਹੋਵੇ, ਚੁਣਿਆ ਗਿਆ ਹੋਵੇ, ਜਾਂ ਉਹ ਇਸ ਲਈ ਉਮੀਦਵਾਰ ਰਿਹਾ ਹੋਵੇ; ਕੈਲੀਫ਼ੋਰਨੀਆ ਦੀ ਕਿਸੇ ਰਾਜਨੀਤਿਕ ਪਾਰਟੀ ਲਈ ਜਾਂ ਕੈਲੀਫ਼ੋਰਨੀਆ ਦੇ ਕਾਂਗਰੈਸ਼ਨਲ ਜਾਂ ਚੋਣਵੇਂ ਰਾਜ ਦਫ਼ਤਰ ਲਈ ਉਮੀਦਵਾਰ ਦੀ ਮੁਹਿੰਮ ਕਮੇਟੀ ਲਈ ਇੱਕ ਅਧਿਕਾਰੀ, ਕਰਮਚਾਰੀ, ਜਾਂ ਪੇਡ ਕੰਸਲਟੈਂਟ ਵਜੋਂ ਸੇਵਾ ਨਿਭਾਈ ਹੋਵੇ; ਜਾਂ ਇੱਕ ਰਜਿਸਟਰਡ ਲਾਬਿਸਟ ਹੋਵੇ।

**8. ਕਮਿਸ਼ਨਰਾਂ ਨੂੰ ਕਿਵੇਂ ਚੁਣਿਆ ਜਾਂਦਾ ਸੀ?**

ਸ਼ੁਰੂਆਤੀ ਅਤੇ ਸਪਲੀਮੈਂਟਲ ਅਰਜ਼ੀਆਂ ਨੂੰ ਬਿਨੈਕਾਰ ਸਮੀਖਿਆ ਪੈਨਲ (ਪੈਨਲ) ਨੂੰ ਭੇਜਿਆ ਜਾਂਦਾ ਸੀ, ਜਿਸ ਵਿੱਚ ਕੈਲੀਫ਼ੋਰਨੀਆ ਰਾਜ ਲੇਖਾ ਪਰੀਖਿਅਕ ਦੇ ਤਿੰਨ ਸੁਤੰਤਰ ਲੇਖਾ ਪਰੀਖਿਅਕ ਸ਼ਾਮਲ ਹੁੰਦੇ ਸਨ। ਪੈਨਲ ਵੱਲੋਂ ਅਰਜ਼ੀਆਂ ਦੀ ਸਮੀਖਿਆ ਕਰ ਲੈਣ ਤੋਂ ਬਾਅਦ, ਪੈਨਲ ਵੱਲੋਂ 120 "ਸਭ ਤੋਂ ਜ਼ਿਆਦਾ ਯੋਗ ਬਿਨੈਕਾਰਾਂ" ਨੂੰ ਚੁਣਿਆ ਜਾਂਦਾ ਸੀ, ਪਾਰਟੀ ਨਾਲ ਸੰਬੰਧਾਂ ਮੁਤਾਬਕ ਉਹਨਾਂ ਨੂੰ ਤਿੰਨ ਉਪ-ਸਮੂਹਾਂ ਵਿੱਚ ਵੰਡਿਆ ਜਾਂਦਾ ਸੀ, ਅਤੇ ਉਹਨਾਂ ਦਾ ਫਿਰ ਇੱਕ ਨਿੱਜੀ ਇੰਟਰਵਿਊ ਕੀਤਾ ਜਾਂਦਾ ਸੀ। ਸਮੂਹ ਨੂੰ ਫਿਰ 60 ਉਮੀਦਵਾਰਾਂ ਤੱਕ ਛੋਟਾ ਕੀਤਾ ਜਾਂਦਾ ਸੀ ਜੋ ਤਿੰਨ ਬਰਾਬਰੀ ਦੇ ਉਪ-ਪੂਲਾਂ ਵਿੱਚ ਵੰਡੇ ਹੁੰਦੇ ਸਨ।

ਪੈਨਲ ਵੱਲੋਂ ਫਿਰ ਇਹਨਾਂ 60 ਬਿਨੈਕਾਰਾਂ ਨੂੰ ਕੈਲੀਫ਼ੋਰਨੀਆ ਰਾਜ ਵਿਧਾਨ ਸਭਾ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਸੀ, ਜਿੱਥੇ ਲੀਡਰਸ਼ਿਪ ਕੋਲ ਹਰ ਸੂਚੀ ਵਿੱਚੋਂ 24 ਤੱਕ ਨਾਮਾਂ ਨੂੰ ਹਟਾਉਣ ਦਾ ਵਿਕਲਪ ਹੁੰਦਾ ਸੀ-ਜਿਸਦਾ ਮਤਲਬ ਹੁੰਦਾ ਹੈ ਹਰੇਕ ਉਪ-ਸਮੂਹ ਵਿੱਚੋਂ ਅੱਠ। ਉਹਨਾਂ ਬਿਨੈਕਾਰਾਂ ਦੇ ਨਾਮ ਜਿਨ੍ਹਾਂ ਨੂੰ ਉਪ-ਸਮੂਹਾਂ ਵਿੱਚੋਂ ਨਹੀਂ ਹਟਾਇਆ ਗਿਆ ਹੁੰਦਾ, ਫਿਰ ਕੈਲੀਫ਼ੋਰਨੀਆ ਰਾਜ ਲੇਖਾ ਪਰੀਖਿਅਕ ਨੂੰ ਸਪੁਰਦ ਕੀਤੇ ਜਾਂਦੇ ਸਨ।

ਕੈਲੀਫ਼ੋਰਨੀਆ ਰਾਜ ਲੇਖਾ ਪਰੀਖਿਅਕ ਤਿੰਨਾਂ ਉਪ-ਸਮੂਹਾਂ ਵਿੱਚੋਂ ਬਾਕੀ ਬਚੇ ਨਾਮਾਂ ਵਿੱਚੋਂ ਬੇਤਰਤੀਬੇ ਢੰਗ ਨਾਲ ਨਾਮ ਕੱਢਦੇ: ਤਿੰਨ ਡੈਮੋਕਰੈਟ, ਤਿੰਨ ਰਿਪਬਲੀਕਨ, ਅਤੇ ਦੋ ਅਜਿਹੇ ਜੋ ਕਿਸੇ ਪਾਰਟੀ ਦੇ ਨਹੀਂ ਹੁੰਦੇ। ਇਹ ਅੱਠ ਬਿਨੈਕਾਰ ਕਮਿਸ਼ਨ ਦੇ ਪਹਿਲੇ ਅੱਠ ਮੈਂਬਰ ਬਣੇ।

ਕਮਿਸ਼ਨ ਦੇ ਪਹਿਲੇ ਅੱਠ ਮੈਂਬਰਾਂ ਨੇ ਫਿਰ ਤਿੰਨ ਉਪ-ਸਮੂਹਾਂ ਵਿੱਚੋਂ 2 ਕਮਿਸ਼ਨਰਾਂ ਨੂੰ ਚੁਣ ਕੇ ਕਮਿਸ਼ਨ ਦੇ ਅੰਤਿਮ ਛੇ ਮੈਂਬਰਾਂ ਨੂੰ ਚੁਣਿਆ।

**9. ਕਮਿਸ਼ਨਰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਕਿੰਨਾ ਸਮਾਂ ਲਗਾਉਂਦੇ ਹਨ?**

ਹਾਲਾਂਕਿ ਅਜਿਹਾ ਕੋਈ ਨਿਊਨਤਮ ਜਾਂ ਅਧਿਕਤਮ ਸਮਾਂ ਨਹੀਂ ਹੈ ਜੋ ਮੈਂਬਰਾਂ ਲਈ ਕਮਿਸ਼ਨ-ਸੰਬੰਧਿਤ ਕੰਮ ਕਰਨ ਵਿੱਚ ਗੁਜ਼ਾਰਨਾ ਲਾਜ਼ਮੀ ਹੈ, ਪਰ ਆਮ ਤੌਰ 'ਤੇ ਅਜਿਹਾ ਕੰਮ ਕਰਨ ਵਿੱਚ ਇੱਕ ਹਫ਼ਤੇ ਅੰਦਰ 10 ਤੋਂ 40 ਘੰਟੇ ਲੱਗਦੇ ਹਨ, ਜਿਸ ਦੇ ਤਹਿਤ ਸ਼ੁਰੂਆਤੀ ਦਿਨਾਂ ਵਿੱਚ ਥੋੜ੍ਹਾ ਘੱਟ ਸਮਾਂ ਦੇਣਾ ਪੈਂਦਾ ਹੈ, ਪਰ ਜਿਵੇਂ ਜਿਵੇਂ ਨਕਸ਼ਿਆਂ ਨੂੰ ਅੰਤਿਮ ਰੂਪ ਦੇਣ ਦਾ ਸਮਾਂ ਨਜ਼ਦੀਕ ਆਉਂਦਾ ਹੈ ਤਾਂ ਸਮਾਂ ਜ਼ਿਆਦਾ ਲੱਗਦਾ ਹੈ।

ਕਮਿਸ਼ਨ ਇੱਕ ਵੱਖੀ ਇਕਾਈ ਦੀ ਤਰ੍ਹਾਂ ਕੰਮ ਕਰਦਾ ਹੈ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਲਈ ਸਟਾਫ਼ ਦੀ ਭਰਤੀ ਕਰਦਾ ਹੈ। ਇਸ ਤੋਂ ਇਲਾਵਾ, ਕਮਿਸ਼ਨ ਵੱਲੋਂ ਆਪਣੀ ਖੁਦ ਦੀ ਸਮਾਂ-ਸੂਚੀ ਨਿਰਧਾਰਿਤ ਕੀਤੀ

ਜਾਂਦੀ ਹੈ- ਇਸ ਨਿਰਧਾਰਿਤ ਕਰਦਾ ਹੈ ਕਿ ਕੰਮ ਕਰਨ ਲਈ ਕਿੱਥੇ ਮਿਲਣਾ ਹੈ; ਜਨਤਕ ਰਾਇ ਲੈਣ ਲਈ ਕਿੱਥੇ ਅਤੇ ਕਦੋਂ ਜਨਤਕ ਮੀਟਿੰਗਾਂ ਦਾ ਆਯੋਜਨ ਕਰਨਾ ਹੈ; ਕਿੰਨੇ ਸਟਾਫ਼ ਦੀ ਭਰਤੀ ਕਰਨੀ ਹੈ ਅਤੇ ਕਿਸ ਉਦੇਸ਼ ਲਈ; ਅਤੇ ਲੋੜ ਅਨੁਸਾਰ ਹੋਰ ਚੀਜ਼ਾਂ ਵੀ ਨਿਰਧਾਰਿਤ ਕਰਦਾ ਹੈ।

**10. ਕਿੰਨੀਆਂ ਜਨਤਕ ਰਾਇ ਮੀਟਿੰਗਾਂ ਦਾ ਆਯੋਜਨ ਕੀਤਾ ਜਾਵੇਗਾ?**

ਕਮਿਸ਼ਨ ਬੇਗਲੀ-ਕੀਨ ਓਪਨ ਮੀਟਿੰਗ ਐਕਟ ਦੇ ਅਧੀਨ ਹੈ, ਜਿਸ ਦੇ ਤਹਿਤ ਸਮੱਸਿਵਾਂ ਨਿਰਧਾਰਿਤ ਕਰਨ ਲਈ ਜਾਂ ਇੱਥੋਂ ਤੱਕ ਕਿ ਜਾਣਕਾਰੀ ਪ੍ਰਾਪਤ ਕਰਨ ਲਈ ਕੀਤੀ ਗਈ ਹਰੇਕ ਮੀਟਿੰਗ, ਜਿਸ ਵਿੱਚ ਕਮਿਸ਼ਨ ਦੇ ਨੌਂ ਜਾਂ ਇਸ ਤੋਂ ਜ਼ਿਆਦਾ ਮੈਂਬਰ ਹੋਣ, ਦਾ ਆਯੋਜਨ ਜਨਤਕ ਹੋਣਾ ਚਾਹੀਦਾ ਹੈ। ਇਸਨੂੰ ਧਿਆਨ ਵਿੱਚ ਰੱਖਦੇ ਹੋਏ, ਕਮਿਸ਼ਨ ਵੱਲੋਂ ਆਯੋਜਨ ਕੀਤੀਆਂ ਜਾਣ ਵਾਲੀਆਂ ਸੁਣਵਾਈਆਂ ਦੀ ਗਿਣਤੀ ਨੂੰ ਨਿਰਧਾਰਿਤ ਕਰਨਾ ਪੂਰੇ ਤਰੀਕੇ ਨਾਲ ਕਮਿਸ਼ਨ ਦੇ ਆਪਣੇ ਵਿਵੇਕ 'ਤੇ ਨਿਰਭਰ ਕਰੇਗਾ। ਇਸੇ ਤਰ੍ਹਾਂ ਹੀ, ਸੁਣਵਾਈਆਂ ਵਿੱਚ ਸਾਰੇ ਕਮਿਸ਼ਨ ਦੇ ਮੈਂਬਰ ਸ਼ਾਮਲ ਹੋਣਗੇ ਜਾਂ ਸਿਰਫ਼ ਕੁਝ ਹੀ ਮੈਂਬਰ ਹੋਣਗੇ, ਇਸ ਗੱਲ ਦਾ ਫੈਸਲਾ ਵੀ ਕਮਿਸ਼ਨ ਵੱਲੋਂ ਆਪਣੇ ਆਪ ਹੀ ਲਿਆ ਜਾਵੇਗਾ।

**11. ਕਮਿਸ਼ਨ ਨੂੰ ਰੈਗੂਲੇਟ ਕਰਨ ਵਾਲੇ ਕਨੂੰਨ ਕਿਹੜੇ ਹਨ?**

1. ਕੈਲੀਫ਼ੋਰਨੀਆ ਦਾ ਸੰਵਿਧਾਨ, ਆਰਟੀਕਲ XXI
2. ਸਰਕਾਰ ਕੋਡ (ਸੈਕਸ਼ਨ 8251 - 8253.6) ਅਤੇ ਚੋਣ ਕੋਡ
3. ਕੈਲੀਫ਼ੋਰਨੀਆ ਦੇ ਨਿਯਮਾਂ ਦਾ ਕੋਡ
4. ਯੂ.ਐੱਸ. ਦਾ ਸੰਵਿਧਾਨ
5. ਯੂ.ਐੱਸ. ਦਾ ਕੋਡ
6. ਵੋਟਿੰਗ ਅਧਿਕਾਰ ਐਕਟ

**12. ਵੋਟਿੰਗ ਅਧਿਕਾਰ ਐਕਟ ਕੀ ਹੈ ਅਤੇ ਇਹ ਕਿਉਂ ਮਹੱਤਵਪੂਰਨ ਹੈ?**

ਸੰਘੀ ਵੋਟਿੰਗ ਅਧਿਕਾਰ ਐਕਟ ਦੇ 1965 ਵਿੱਚ ਪਾਸ ਹੋਣ ਤੋਂ ਪਹਿਲਾਂ, ਕਈ ਰਾਜਾਂ ਵਿੱਚ ਇਹ ਕਾਰਜ-ਪ੍ਰਣਾਲੀ ਪ੍ਰਚਲਿਤ ਸੀ ਕਿ ਵੋਟ ਲਈ ਰਜਿਸਟਰ ਕਰਨ ਵਾਸਤੇ ਯੋਗ ਅਫਰੀਕੀ ਅਮਰੀਕੀਆਂ ਨੂੰ ਇੱਕ ਸਾਖਰਤਾ ਟੈਸਟ ਪਾਸ ਕਰਨਾ ਪੈਂਦਾ ਸੀ। ਹੋਰ ਰਾਜ ਕਿਸੇ ਵਿਅਕਤੀ ਨੂੰ ਸਿਰਫ਼ ਤਾਂ ਹੀ ਵੋਟ ਪਾਉਣ ਲਈ ਰਜਿਸਟਰ ਕਰਨ ਦਿੰਦੇ ਸੀ ਜੇਕਰ ਉਸਦਾ ਦਾਦੇ/ਨਾਨੇ ਨੂੰ ਵੋਟ ਕਰਨ ਦਾ ਅਧਿਕਾਰ ਪ੍ਰਾਪਤ ਸੀ। ਵੋਟਿੰਗ ਅਧਿਕਾਰ ਐਕਟ ਨੇ ਇਹਨਾਂ ਕਾਰਜ-ਪ੍ਰਣਾਲੀਆਂ ਨੂੰ ਖਤਮ ਕੀਤਾ।

1970 ਦੇ ਦਹਾਕੇ ਵਿੱਚ, ਕਾਂਗਰਸ ਨੇ ਬਹੁਤ ਸਾਰੀ ਰਾਇ ਦੀ ਸੁਣਵਾਈ ਕੀਤੀ, ਜਿਸ ਵਿੱਚ ਇਹ ਦੱਸਿਆ ਗਿਆ ਸੀ ਕਿ ਕਿਵੇਂ ਰਾਜ ਅਤੇ ਸਥਾਨਕ ਸਰਕਾਰਾਂ ਡਿਸਟ੍ਰਿਕਟ ਸੀਮਾਵਾਂ ਨੂੰ ਉਲੀਕਦੀਆਂ ਹਨ ਅਤੇ ਚੋਣਾਂ ਦੇ ਨਿਯਮਾਂ ਨਾਲ ਛੇੜਛਾੜ ਕਰਦੀਆਂ ਹਨ ਤਾਂਕਿ ਨਵੇਂ ਰਜਿਸਟਰ ਕੀਤੇ ਅਫਰੀਕੀ ਅਮਰੀਕੀ ਵੋਟਰ ਆਪਣੀ ਪਸੰਦ ਦਾ ਉਮੀਦਵਾਰ ਨਾ ਚੁਣ ਸਕਣ। ਅੱਜ, ਵੋਟਿੰਗ ਅਧਿਕਾਰ ਐਕਟ ਸਾਰੀਆਂ ਨਸਲੀ ਅਤੇ ਭਾਸ਼ਾਈ ਘੱਟ-ਗਿਣਤੀਆਂ ਨੂੰ ਸੁਰੱਖਿਅਤ ਕਰਦਾ ਹੈ, ਜਿਸ ਵਿੱਚ ਅਫਰੀਕੀ ਅਮਰੀਕੀ, ਏਸ਼ੀਆਈ ਅਮਰੀਕੀ, ਮੂਲ ਅਮਰੀਕੀ ਅਤੇ ਪੈਸਿਫ਼ਿਕ ਆਈਲੈਂਡਰ ਸ਼ਾਮਲ ਹਨ।

ਕਮਿਸ਼ਨ ਵੱਲੋਂ ਇਹ ਸੁਨਿਸ਼ਚਿਤ ਕਰਨ ਲਈ ਕੀ ਅੰਤਿਮ ਨਕਸ਼ੇ, ਵੋਟਿੰਗ ਅਧਿਕਾਰ ਐਕਟ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋਣ, ਜਨਤਕ ਰਾਇ ਅਤੇ ਕਨੂੰਨੀ ਅਤੇ ਮਾਹਰ ਸਲਾਹ-ਮਸ਼ਵਰੇ 'ਤੇ ਵਿਚਾਰ ਕੀਤਾ ਜਾਵੇਗਾ।

ਵੋਟਿੰਗ ਅਧਿਕਾਰ ਐਕਟ ਕਿਵੇਂ ਕੰਮ ਕਰਦਾ ਹੈ, ਇਸ ਬਾਰੇ ਵਧੇਰੇ ਵਿਸਥਾਰਪੂਰਣ ਵੇਰਵੇ ਲਈ, ਯੂ.ਐੱਸ. ਦੇ ਨਿਆਂ ਵਿਭਾਗ 'ਤੇ ਜਾਓ: http://www.justice.gov/crt/about/vot/redistricting.php.

**13. ਨਕਸ਼ੇ ਉਲੀਕਣ ਸਮੇਂ ਕਿਹੜੇ ਮਾਪਦੰਡਾਂ ਨੂੰ ਵਰਤਿਆ ਜਾਂਦਾ ਹੈ?**

ਕੈਲੀਫ਼ੋਰਨੀਆਂ ਰਾਜ ਦੇ ਸੰਵਿਧਾਨ ਅਨੁਸਾਰ, ਕਮਿਸ਼ਨ ਲਈ, ਡਿਸਟ੍ਰਿਕਟ ਦੇ ਨਕਸ਼ੇ ਉਲੀਕਣ ਵੇਲੇ, ਇਹਨਾਂ ਮਾਪਦੰਡਾਂ ਦੀ ਇਸੇ ਕ੍ਰਮ ਵਿੱਚ ਪਾਲਣਾ ਕਰਨਾ ਲਾਜ਼ਮੀ ਹੈ:

1. ਯੂ.ਐੱਸ. ਦੇ ਸੰਵਿਧਾਨ ਦੀ ਪਾਲਣਾ ਕਰਨ ਲਈ ਡਿਸਟ੍ਰਿਕਟਾਂ ਲਈ ਬਰਾਬਰੀ ਵਾਲੀ ਜਨਸੰਖਿਆ ਦਾ ਹੋਣਾ ਲਾਜ਼ਮੀ ਹੈ।
2. ਡਿਸਟ੍ਰਿਕਟਾਂ ਲਈ ਵੋਟਿੰਗ ਅਧਿਕਾਰ ਐਕਟ ਦੀ ਪਾਲਣਾ ਕਰਨਾ ਲਾਜ਼ਮੀ ਹੈ, ਤਾਂਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਘੱਟ-ਗਿਣਤੀਆਂ ਕੋਲ ਆਪਣੀ ਪਸੰਦ ਦੇ ਪ੍ਰਤੀਨਿਧੀਆਂ ਨੂੰ ਚੁਣਨ ਦਾ ਬਰਾਬਰੀ ਦਾ ਮੌਕਾ ਹੋਵੇ।
3. ਡਿਸਟ੍ਰਿਕਟਾਂ ਨੂੰ ਨਿਕਟਵਰਤੀ ਤੌਰ 'ਤੇ ਉਲੀਕਿਆ ਜਾਣਾ ਚਾਹੀਦਾ ਹੈ, ਤਾਂਕਿ ਡਿਸਟ੍ਰਿਕਟ ਦੇ ਸਾਰੇ ਭਾਗ ਇੱਕ ਦੂਜੇ ਨਾਲ ਜੁੜੇ ਹੋਣ।
4. ਡਿਸਟ੍ਰਿਕਟਾਂ ਲਈ ਜਿੰਨਾਂ ਜ਼ਿਆਦਾ ਸੰਭਵ ਹੋ ਸਕੇ ਸ਼ਹਿਰਾਂ, ਦੇਸ਼ਾਂ, ਆਂਢ-ਗੁਆਂਢ, ਅਤੇ ਭਾਈਚਾਰਿਆਂ ਦੀ ਵੰਡ ਨੂੰ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ।
5. ਡਿਸਟ੍ਰਿਕਟਾਂ ਨੂੰ ਭੂਗੋਲਿਕ ਤੌਰ 'ਤੇ ਸੰਖਿਪਤ ਹੋਣਾ ਚਾਹੀਦਾ ਹੈ: ਤਾਂਕਿ ਜ਼ਿਆਦਾ ਦੂਰੀ 'ਤੇ ਰਹਿੰਦੀ ਜਨਸੰਖਿਆ ਲਈ ਨਜ਼ਦੀਕੀ ਖੇਤਰਾਂ ਦੀ ਜਨਸੰਖਿਆ ਨੂੰ ਅਣਡਿੱਠ ਨਾ ਕੀਤਾ ਜਾਵੇ। ਇਹ ਲੋੜਾਂ ਘਣਤਾ ਲਈ ਹਨ, ਆਕਾਰ ਲਈ ਨਹੀਂ। ਜਨ-ਗਣਨਾ ਦੇ ਸੈਕਸ਼ਨਾਂ ਨੂੰ ਅੱਡ-ਅੱਡ ਨਹੀਂ ਕੀਤਾ ਜਾ ਸਕਦਾ।
6. ਜਿੱਥੇ ਵੀ ਸੰਭਵ ਹੋਵੇ, ਹਰੇਕ ਸੈਨੇਟ ਡਿਸਟ੍ਰਿਕਟ ਵਿੱਚ ਦੋ ਪੂਰੇ ਅਤੇ ਨਾਲ ਲਗਵੇਂ ਵਿਧਾਨ ਸਭਾ ਡਿਸਟ੍ਰਿਕਟ ਸ਼ਾਮਲ ਹੋਣੇ ਚਾਹੀਦੇ ਹਨ, ਅਤੇ ਇਕਵਾਲਾਈਜ਼ੇਸ਼ਨ ਡਿਸਟ੍ਰਿਕਟਾਂ ਦੇ ਬੋਰਡ ਵਿੱਚ 10 ਪੂਰੇ ਅਤੇ ਨਾਲ ਲਗਵੇਂ ਰਾਜ ਸੈਨੇਟ ਡਿਸਟ੍ਰਿਕਟ ਹੋਣੇ ਚਾਹੀਦੇ ਹਨ।

ਇਸ ਤੋਂ ਇਲਾਵਾ, ਨਕਸ਼ੇ ਬਣਾਉਣ ਲੱਗਿਆਂ ਕਿਸੇ ਪਦਧਾਰੀ ਜਾਂ ਰਾਜਨੀਤਿਕ ਉਮੀਦਵਾਰ ਦੇ ਨਿਵਾਸ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ, ਅਤੇ ਡਿਸਟ੍ਰਿਕਟ ਦੀਆਂ ਸੀਮਾਵਾਂ ਨੂੰ ਕਿਸੇ ਪਦਧਾਰੀ, ਰਾਜਨੀਤਿਕ ਉਮੀਦਵਾਰ, ਜਾਂ ਰਾਜਨੀਤਿਕ ਪਾਰਟੀ ਨੂੰ ਲਾਭ ਪਹੁੰਚਾਉਣ ਜਾਂ ਉਹਨਾਂ ਖਿਲਾਫ਼ ਪੱਖਪਾਤ ਕਰਨ ਦੇ ਉਦੇਸ਼ ਨਾਲ ਨਹੀਂ ਉਲੀਕਿਆ ਜਾਣਾ ਚਾਹੀਦਾ।

**14. ਨਵੀਆਂ ਡਿਸਟ੍ਰਿਕਟ ਸੀਮਾਵਾਂ ਨੂੰ ਮਨਜ਼ੂਰੀ ਕਿਵੇਂ ਮਿਲੇਗੀ**

ਕਮਿਸ਼ਨ ਲਈ ਕਾਂਗਰੈਸ਼ਨਲ ਡਿਸਟ੍ਰਿਕਟਾਂ, ਰਾਜ ਦੀਆਂ ਸੈਨੇਟ ਡਿਸਟ੍ਰਿਕਟਾਂ, ਰਾਜ ਦੀਆਂ ਅਸੈਂਬਲੀ ਡਿਸਟ੍ਰਿਕਟਾਂ, ਅਤੇ ਇਕਵਾਲਾਈਜ਼ੇਸ਼ਨ ਡਿਸਟ੍ਰਿਕਟਾਂ ਦੇ ਰਾਜ ਬੋਰਡ ਦੀਆਂ ਭੂਗੋਲਿਕ ਸੀਮਾਵਾਂ ਨੂੰ ਪਰਿਭਾਸ਼ਿਤ ਕਰਨਾ ਲਾਜ਼ਮੀ ਹੈ ਤਾਂ ਕਿ ਉਹਨਾਂ ਵਿੱਚ ਉਚਿਤ ਤੌਰ 'ਤੇ ਬਰਾਬਰੀ ਵਾਲੀ ਜਨਸੰਖਿਆ ਸ਼ਾਮਲ ਹੋਵੇ। 2010 ਦੇ ਕਮਿਸ਼ਨ ਦਿਲਚਸਪੀ ਵਾਲੇ ਭਾਈਚਾਰਿਆਂ ਦੀ ਪਛਾਣ ਕਰਨ ਲਈ ਪੂਰੇ ਰਾਜ ਵਿੱਚ ਮੀਟਿੰਗਾਂ ਕੀਤੀਆਂ। ਬਹੁਤ ਸਾਰੀਆਂ ਮੀਟਿੰਗਾਂ ਸ਼ਾਮ ਦੇ ਸਮੇਂ ਜਾਂ ਵੀਕੈਂਡ 'ਤੇ ਕੀਤੀਆਂ ਗਈਆਂ ਤਾਂਕਿ ਜ਼ਿਆਦਾ ਤੋਂ ਜ਼ਿਆਦਾ ਕੈਲੀਫ਼ੋਰਨੀਆ ਨਿਵਾਸੀ ਇਹਨਾਂ ਵਿੱਚ ਭਾਗ ਲੈ ਸਕਣ।

ਇੱਕ ਵਾਰ ਕਮਿਸ਼ਨ 'ਤੇ ਭੂਗੋਲਿਕ ਸੀਮਾਵਾਂ ਬਾਰੇ ਸਹਿਮਤ ਹੋ ਜਾਣ 'ਤੇ, ਡਿਸਟ੍ਰਿਕਟਾਂ ਨੂੰ ਚਾਰ ਨਕਸ਼ਿਆਂ ਵਿੱਚ ਪ੍ਰਦਰਸ਼ਿਤ ਕੀਤਾ ਜਾਵੇਗਾ: ਸੰਸ਼ੋਧਿਤ ਕਾਂਗਰੈਸ਼ਨਲ ਡਿਸਟ੍ਰਿਕਟਾਂ ਨੂੰ ਦਿਖਾਉਂਦਾ ਇੱਕ ਨਕਸ਼ਾ, ਸੰਸ਼ੋਧਿਤ ਰਾਜ ਦੀਆਂ ਸੈਨੇਟ ਡਿਸਟ੍ਰਿਕਟਾਂ ਨੂੰ ਦਿਖਾਉਂਦਾ ਦੂਜਾ ਨਕਸ਼ਾ, ਸੰਸ਼ੋਧਿਤ ਰਾਜ ਦੀਆਂ ਅਸੈਂਬਲੀ ਡਿਸਟ੍ਰਿਕਟਾਂ ਨੂੰ ਦਿਖਾਉਂਦਾ ਤੀਜਾ ਨਕਸ਼ਾ, ਅਤੇ ਸੰਸ਼ੋਧਿਤ ਇਕਵਾਲਾਈਜ਼ੇਸ਼ਨ ਡਿਸਟ੍ਰਿਕਟਾਂ ਦੇ ਰਾਜ ਬੋਰਡ ਨੂੰ ਦਿਖਾਉਂਦਾ ਚੌਥਾ ਨਕਸ਼ਾ।

ਮਨਜ਼ੂਰ ਹੋਣ ਲਈ, ਹਰੇਕ ਨਕਸ਼ੇ ਨੂੰ ਘੱਟੋ ਘੱਟ ਤਿੰਨ ਡੈਮੋਕਰੈਟ ਕਮਿਸ਼ਨਰਾਂ, ਤਿੰਨ ਰਿਪਬਲਿਕਨ ਕਮਿਸ਼ਨਰਾਂ, ਅਤੇ ਤਿੰਨ ਅਜਿਹੇ ਕਮਿਸ਼ਨਰਾਂ ਦੀ ਹਾਂ-ਪੱਖੀ ਵੋਟ ਮਿਲਣੀ ਜ਼ਰੂਰੀ ਹੈ, ਜੋ ਕਿਸੇ ਪਾਰਟੀ ਦੇ ਨਹੀਂ ਹਨ। ਇੱਕ ਵਾਰ ਕਮਿਸ਼ਨ ਵੱਲੋਂ ਅੰਤਿਮ ਨਕਸ਼ਿਆਂ ਨੂੰ ਮਨਜ਼ੂਰੀ ਮਿਲ ਜਾਣ ਤੋਂ ਬਾਅਦ, ਨਕਸ਼ਿਆਂ ਨੂੰ ਕੈਲੀਫ਼ੋਰਨੀਆਂ ਸੈਕਰੇਟਰੀ ਆਫ ਸਟੇਟ ਨੂੰ ਇੱਕ ਰਿਪੋਰਟ ਦੇ ਨਾਲ ਸਪੁਰਦ ਕੀਤਾ ਜਾਂਦਾ ਹੈ, ਜਿਸ ਵਿੱਚ ਕਮਿਸ਼ਨ ਵੱਲੋਂ ਲਏ ਗਏ ਫ਼ੈਸਲਿਆਂ ਦੇ ਆਧਾਰ ਬਾਰੇ ਸਮਝਾਇਆ ਜਾਂਦਾ ਹੈ।

**15. ਕਮਿਸ਼ਨ ਵੱਲੋਂ ਨਕਸ਼ਿਆਂ ਨੂੰ ਕਦੋਂ ਪੂਰਾ ਕੀਤਾ ਜਾਵੇਗਾ?**

ਹਾਲਾਂਕਿ ਕੈਲੀਫ਼ੋਰਨੀਆ ਨੇ ਨਕਸ਼ਿਆਂ ਨੂੰ ਪ੍ਰਮਾਣਿਤ ਕਰਨ ਦੀ ਸਮਾਂ-ਸੀਮਾ 15 ਅਗਸਤ 2021 'ਤੇ ਸੈੱਟ ਕੀਤੀ ਹੈ, ਪਰ ਕੈਲੀਫ਼ੋਰਨੀਆ ਦੇ ਸੁਪਰੀਮ ਕੋਰਟ ਨੇ 17 ਜੁਲਾਈ, 2020 ਨੂੰ ਇਹ ਫੈਸਲਾ ਸੁਣਾਇਆ ਹੈ ਕਿ ਕਮਿਸ਼ਨ ਕੋਲ ਆਪਣੇ ਨਕਸ਼ਿਆਂ ਨੂੰ ਕੈਲੀਫ਼ੋਰਨੀਆਂ ਸੈਕਰੇਟਰੀ ਆਫ ਸਟੇਟ ਕੋਲ ਸਪੁਰਦ ਕਰਨ ਲਈ 15 ਦਸੰਬਰ 2021 ਤੱਕ ਦਾ ਸਮਾਂ ਹੈ ਅਤੇ ਇਸਦਾ ਕਾਰਨ ਹੈ ਜਨ-ਗਣਨਾ ਦੇ ਨਤੀਜੇ ਆਉਣ ਵਿੱਚ ਹੋਣ ਵਾਲੀ ਸੰਭਾਵਿਤ ਦੇਰੀ। ਜੇਕਰ ਜਨ-ਗਣਨਾ ਦੇ ਨਤੀਜੇ ਆਉਣ ਵਿੱਚ 31 ਜੁਲਾਈ 2021 ਤੋਂ ਵੀ ਵੱਧ ਦੇਰੀ ਹੋ ਜਾਂਦੀ ਹੈ (ਜਿਸ ਦੀ ਸੰਭਾਵਨਾ ਬਾਰੇ ਜਨ-ਗਣਨਾ ਬੋਰਡ ਵੱਲੋਂ ਪਹਿਲਾਂ ਹੀ ਸੰਕੇਤ ਦੇ ਦਿੱਤੇ ਗਏ ਹਨ), ਤਾਂ ਕਮਿਸ਼ਨ ਦੀ ਸਮਾਂ-ਸੀਮਾ ਨੂੰ ਇਸ ਅਨੁਸਾਰ ਵਿਵਸਥਿਤ ਕੀਤਾ ਜਾਵੇਗਾ।